# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਈ-ਮੇਲ

ਨੰ.....1859...../ਕਾਲਜਾਂ/ਸ-4, ਸ-6

ਮਿਤੀ .....01/6../2022

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ
(ਜਿਨ੍ਹਾਂ ਕਾਲਜਾਂ ਵਿਖੇ ਐਗਰੀਕਲਚਰ ਨਾਲ ਸਬੰਧਤ ਕੋਰਸ ਚੱਲ ਰਹੇ ਹਨ)
ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ।

ਵਿਸ਼ਾ: ਸੈਸ਼ਨ 2022-23 ਦੌਰਾਨ ਐਗਰੀਕਲਚਰ ਨਾਲ ਸਬੰਧਤ ਡਿਪਲੋਮਾ/ਡਿਗਰੀ/ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਦਾਖਲਿਆਂ ਸਬੰਧੀ।

ਉਕਤ ਵਿਸ਼ੇ ਸਬੰਧੀ ਕਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ (ਨੰ: 25/24/15-Agri-4(2) 3740 Dated 28-05-2021) ਦੀ ਲੋਅ ਵਿਚ ਵਾਈਸ-ਚਾਂਸਲਰ ਸਾਹਿਬ ਵਲੋਂ ਹੋਏ ਆਦੇਸ਼ਾਂ ਅਨੁਸਾਰ ਕਾਲਜਾਂ ਨੂੰ ਕੇਵਲ ਸੈਸ਼ਨ 2021-22 ਦੌਰਾਨ ਐਗਰੀਕਲਚਰ ਨਾਲ ਸਬੰਧਤ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਵਿਚ ਦਾਖਲੇ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤਹਿਤ ਦਿੱਤੀ ਗਈ ਸੀ ਕਿ ਕਾਲਜ ਇਸ ਵਧਾਏ ਸਮੇਂ (ਮਿਤੀ 30-06-2022 ਤੱਕ) ਦੌਰਾਨ ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰਲ ਐਜੂਕੇਸ਼ਨ ਦੀਆਂ ਹਦਾਇਤਾਂ/ਸ਼ਰਤਾਂ ਦੀ ਪੂਰਤੀ ਕਰਕੇ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਕਰਕੇ ਦਫਤਰ ਨੂੰ ਸੂਚਿਤ ਕਰਨਗੇ, ਪ੍ਰੰਤੂ ਕਾਲਜਾਂ ਵਲੋਂ ਹੁਣ ਤੱਕ ਇਸ ਸਬੰਧੀ ਕੋਈ ਸੂਚਨਾ ਨਹੀਂ ਭੇਜੀ ਗਈ।

ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰ ਐਜੂਕੇਸ਼ਨ ਦੀ ਪ੍ਰਵਾਨਗੀ ਪ੍ਰਾਪਤ ਕਰਕੇ ਦਫਤਰ ਵਿਖੇ ਜਮ੍ਹਾਂ ਕਰਵਾਉਣ ਉਪਰੰਤ ਹੀ ਸੈਸ਼ਨ 2022-23 ਦੌਰਾਨ ਐਗਰੀਕਲਚਰ ਕੋਰਸਾਂ ਦੇ ਐਂਟਰੀ ਪੁਆਇੰਟ ਵਿਚ ਦਾਖਲੇ ਕਰਨ ਦੀ ਪ੍ਰਵਾਨਗੀ ਹੋਵੇਗੀ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਾਲਜਾਂ ਵਲੋਂ ਬਿਨਾਂ ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰ ਐਜੂਕੇਸ਼ਨ ਦੀ ਪ੍ਰਵਾਨਗੀ ਅਤੇ ਯੂਨੀਵਰਸਿਟੀ ਦੀ ਪ੍ਰਵਾਨਗੀ ਦੇ ਆਪਣੇ ਪੱਧਰ ਤੇ ਐਗਰੀਕਲਚਰ ਨਾਲ ਸਬੰਧਤ ਕੋਰਸਾਂ ਵਿਚ ਦਾਖਲੇ ਕੀਤੇ ਜਾਂਦੇ ਹਨ ਅਤੇ ਪ੍ਰਵਾਨਗੀ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਇਸ ਕੋਰਸ ਨਾਲ ਸਬੰਧਤ ਭਵਿੱਖ ਵਿਚ ਕੋਈ ਲੀਗਲ ਅੜਚਣ ਪੇਸ਼ ਆਉਂਦੀ ਹੈ ਤਾਂ ਇਸ ਦੀ ਸਾਰੀ ਦੀ ਸਾਰੀ ਜਿੰਮੇਵਾਰੀ ਕਾਲਜ ਮੈਨੇਜਮੈਂਟ/ਪ੍ਰਿੰਸੀਪਲ ਦੀ ਆਪਣੀ ਹੋਵੇਗੀ।

1/6/22

ਡੀਨ, ਕਾਲਜ ਵਿਕਾਸ ਕੌਂਸਲ